Australian Government

mediation resolve agreement confidential differences neutral child-focused safe

# ਫੈਮਿਲੀ ਡਿਸਪਿਊਟ ਰੇਜ਼ੋਲੂਸ਼ਨ

ਔਸਟ੍ਰੇਲੀਆਈ ਸਰਕਾਰ ਫੈਮਿਲੀ ਡਿਸਪਿਊਟ ਰੇਜ਼ੋਲੂਸ਼ਨ ਸੇਵਾਵਾਂ ਨੂੰ ਧਨ-ਰਾਸ਼ੀ ਪ੍ਰਦਾਨ ਕਰਦੀ ਹੈ ਤਾਂਜੋ ਔਸਟ੍ਰੇਲੀਆਈ ਪਰਿਵਾਰਾਂ ਨੂੰ ਅਦਾਲਤ ਜਾਉਣ ਦੀ ਲੋੜ ਤੋਂ ਬਿਨਾਂ ਆਪਣੇ ਬੱਚਿਆਂ ਦੇ ਸਰਬੋਤਮ ਹਿਤਾਂ ਨੂੰ ਪੂਰਾ ਕਰਨ ਵਾਲੇ ਸਮਝੌਤਿਆਂ ਬਾਰੇ ਚਰਚਾ ਕਰਨ ਅਤੇ ਇਨ੍ਹਾਂ ਤੇ ਸਹਿਮਤ ਹੋਣ ਵਿੱਚ ਮਦਦ ਮਿਲ ਸਕੇ।

## ਫੈਮਿਲੀ ਡਿਸਪਿਊਟ ਰੇਜ਼ੋਲੂਸ਼ਨ (FDR) ਕੀ ਹੈ?

ਫੈਮਿਲੀ ਡਿਸਪਿਊਟ ਰੇਜ਼ੋਲੂਸ਼ਨ (FDR) ਉਨ੍ਹਾਂ ਸੇਵਾਵਾਂ (ਜਿਵੇਂ ਕਿ ਵਿਚੋਲਗੀ) ਲਈ ਇੱਕ ਕਨੂੰਨੀ ਸ਼ਬਦ ਹੈ ਜਿਹੜੀਆਂ ਸੇਪਰੇਸ਼ਨ ਜਾਂ ਤਲਾਕ ਨਾਲ ਪ੍ਰਭਾਵਤ ਲੋਕਾਂ ਦੀ ਮਦਦ ਕਰਦੀਆਂ ਹਨ ਤਾਂਜੋ ਉਹ ਆਪਣੇ ਪਰਿਵਾਰਕ ਝਗੜਿਆਂ ਨੂੰ ਨਿਪਟਾ ਸਕਣ। FDR ਲੋਕਾਂ ਨੂੰ ਪ੍ਰਾਪਰਟੀ, ਪੈਸੇ ਤੋਂ ਲੈ ਕੇ ਸਭ ਤੋਂ ਮਹੱਤਵਪੂਰਣ – ਆਪਣੇ ਬੱਚਿਆਂ – ਨਾਲ ਸੰਬੰਧਤ ਵੱਖ-ਵੱਖ ਮੁੱਦਿਆਂ ‘ਤੇ ਸਹਿਮਤ ਹੋਣ ਵਿੱਚ ਮਦਦ ਕਰ ਸਕਦੀ ਹੈ।

FDR ਸੇਵਾਵਾਂ ਵੱਖ-ਵੱਖ ਵਿਅਕਤੀਆਂ ਅਤੇ ਸੰਸਥਾਵਾਂ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਉਦਾਰਹਨ ਦੇ ਤੌਰ ਤੇ, ਫੈਮਿਲੀ ਰਿਲੇਸ਼ਨਸ਼ਿਪ ਸੈਂਟਰ, ਸਮੁਦਾਇਕ ਸੰਸਥਾਵਾਂ, ਲੀਗਲ ਐਡ ਕਮੀਸ਼ਨ, ਅਤੇ ਵਕੀਲਾਂ, ਸਮਾਜਕ ਕਾਰਜਕਰਤਾਵਾਂ ਜਾਂ ਮਨੋਵਿਗਿਆਨਕਾਂ ਵਰਗੇ ਪੇਸ਼ੇਵਰ। ਜੇਕਰ ਤੁਸੀਂ ਇੱਕ ਦੂਰ-ਦੁਰੇਡੇ ਦੇ ਖੇਤਰ ਵਿੱਚ ਰਹਿੰਦੇ/ਰਹਿੰਦੀ ਹੋ, ਤਾਂ ਹੋ ਸਕਦਾ ਹੈ ਕਿ ਤੁਸੀਂ ਟੇਲੀਫੋਨ ਵਰਗੇ ਮਾਧਿਅਮ ਰਾਹੀਂ FDR ਸੇਵਾਵਾਂ ਤਕ ਪਹੁੰਚ ਪ੍ਰਾਪਤ ਕਰ ਸਕੋ।

## ਕੀ FDR ਲਾਜ਼ਮੀ ਹੈ?

ਪਰਵਰਿਸ਼ ਆਦੇਸ਼ (ਪੇਰੰਟਿੰਗ ਆਰਡਰ) ਲਈ ਫੈਮਿਲੀ ਲਾ ਕੋਰਟ ਵਿੱਚ ਅਰਜ਼ੀ ਪਾਉਣ ਲਈ, ਤੁਹਾਡੇ ਕੋਲ FDR ਪੇਸ਼ੇਵਰ ਦੁਆਰਾ ਜਾਰੀ ਕੀਤਾ ਸਰਟੀਫਿਕੇਟ ਹੋਣਾ ਚਾਹੀਦਾ ਹੈ, ਉਨ੍ਹਾਂ ਪਰਿਸਥਿਤੀਆਂ ਦੇ ਇਲਾਵਾ ਜਿੱਥੇ ਹੇਠਾਂ ਦਿੱਤੇ ਅਪਵਾਦਾਂ ਵਿਚੋਂ ਇੱਕ ਜਾਂ ਇੱਕ ਤੋਂ ਵੱਧ ਅਪਵਾਦ ਲਾਗੂ ਹੁੰਦੇ ਹੋਣ:

- ਤੁਸੀਂ ਸਹਿਮਤੀ ਆਦੇਸ਼ (ਕੰਸੈਨਟ ਆਰਡਰ) ਲਈ ਅਰਜ਼ੀ ਪਾ ਰਹੇ/ਰਹੀ ਹੋ
- ਤੁਸੀਂ ਅਰਜ਼ੀ ਦਾ ਜਵਾਬ ਦੇ ਰਹੇ/ਰਹੀ ਹੋ
- ਮਾਮਲੇ ਉੱਤੇ ਤੁਰੰਤ ਕਾਰਵਾਈ ਕੀਤੇ ਜਾਣ ਦੀ ਲੋੜ ਹੈ
- ਪਾਰਿਵਾਰਕ ਹਿੰਸਾ ਜਾਂ ਬਾਲ ਦੁਰਾਚਾਰ ਹੋਇਆ ਹੋਵੇ ਜਾਂ ਇਸਦਾ ਖਤਰਾ ਹੋਵੇ
- ਇੱਕ ਪੱਖ ਪ੍ਰਭਾਵੀ ਤੌਰ ‘ਤੇ ਭਾਲ ਲੈਣ ਵਿੱਚ ਅਸਮੱਰਥ ਹੋਵੇ (ਉਦਾਰਹਨ ਦੇ ਤੌਰ ‘ਤੇ: ਯੋਗਤਾ ਦੀ ਕਮੀ ਕਰਕੇ), ਜਾਂ
- ਕਿਸੇ ਵਿਅਕਤੀ ਨੇ ਪਿਛਲੇ 12 ਮਹੀਨਿਆਂ ਵਿੱਚ ਅਦਾਲਤ ਦੇ ਆਦੇਸ਼ ਦੀ ਉਲੰਘਣਾ ਕੀਤੀ ਹੋਵੇ ਅਤੇ ਗੰਭੀਰ ਰੂਪ ਵਿੱਚ ਇਸਦਾ ਅਪਮਾਨ ਕੀਤਾ ਹੋਵੇ।

FDR ਵਿੱਚ ਭਾਗ ਲੈਣ ਦੀ ਲੋੜ ਨਵੀਂਆਂ ਅਰਜ਼ੀਆਂ, ਅਤੇ ਪਰਵਰਿਸ਼ ਦੇ ਮੌਜੂਦਾ ਆਦੇਸ਼ਾਂ 'ਤੇ ਤਬਦੀਲੀ ਦਾ ਬਿਨੈ ਕਰਨ ਵਾਲੀਆਂ ਅਰਜ਼ੀਆਂ 'ਤੇ ਲਾਗੂ ਹੁੰਦੀ ਹੈ। ਸਰਟੀਫਿਕੇਟ ਕੇਵਲ ਪਰਿਵਾਰਕ ਕਨੂੰਨ ਨਿਯਮਾਂ 2008 ਅਧੀਨ ਮਾਨਤਾ-ਪ੍ਰਾਪਤ FDR ਪੇਸ਼ੇਵਰਾਂ (ਫੈਮਿਲੀ ਡਿਸਪਿਊਟ ਰੇਜ਼ੋਲੂਸ਼ਨ ਪੇਸ਼ੇਵਰਾਂ) ਦੁਆਰਾ ਹੀ ਦਿੱਤੇ ਜਾ ਸਕਦੇ ਹਨ।

## FDR ਲਈ ਜਤਨ ਕਿਉਂ ਕੀਤਾ ਜਾਣਾ ਚਾਹੀਦਾ ਹੈ?

FDR ਤੁਹਾਡੀ ਅਤੇ ਤੁਹਾਡੇ ਪੁਰਾਣੇ ਪਤੀ/ਪਤਨੀ ਜਾਂ ਪਾਰਟਨਰ ਨੂੰ ਅਜਿਹੇ ਸਮਾਧਾਨਾਂ ਤੇ ਸਹਿਮਤ ਹੋਣ ਵਿੱਚ ਮਦਦ ਕਰ ਸਕਦੀ ਹੈ ਜਿਹੜੇ ਤੁਹਾਡੇ ਅਤੇ ਤੁਹਾਡੇ ਬੱਚਿਆਂ ਦੋਵਾਂ ਲਈ ਉਚਿਤ ਹੋਣ। ਇਹ ਵਿਹਾਰਕ ਅਤੇ ਗੁਪਤ ਹੈ, ਅਤੇ ਅਸਰਦਾਰ ਹੈ!

ਤੁਹਾਨੂੰ ਅਦਾਲਤ ਜਾਣ ਦਾ ਫੈਸਲਾ ਕਰਣ ਤੋਂ ਪਹਿਲਾਂ FDR ਲਈ ਜਤਨ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਆਪਣੇ ਮਤਭੇਦਾਂ ਨੂੰ ਹੱਲ ਕਰ ਸਕਦੇ ਹੋ ਤਾਂ ਤੁਸੀਂ ਸਮੇਂ ਅਤੇ ਪੈਸੇ ਦੀ ਬਚਤ ਕਰੋਗੇ ਅਤੇ ਬਹੁਤੇਰੇ ਤਣਾਅ ਤੋਂ ਬਚੋਗੇ। FDR ਦੇ ਅਸਰਦਾਰ ਹੋਣ ਲਈ, ਇਹ ਜ਼ਰੂਰੀ ਹੈ ਕਿ ਦੋਵੇਂ ਪੱਖ ਨਿਰਪੱਖਤਾ ਨਾਲ ਕੰਮ ਕਰਨ।

## FDR ਪੇਸ਼ੇਵਰ ਮੈਨੂੰ ਕਿਹੜੀ ਜਾਣਕਾਰੀ ਪ੍ਰਦਾਨ ਕਰੇਗਾ?

FDR ਸ਼ੁਰੂ ਕਰਨ ਤੋਂ ਪਹਿਲਾਂ, ਤੁਹਾਡੇ FDR ਪੇਸ਼ੇਵਰ ਲਈ ਇਹ ਲਾਜ਼ਮੀ ਹੈ ਕਿ ਉਹ ਤੁਹਾਨੂੰ FDR ਪ੍ਰਕ੍ਰਿਆ, ਤੁਹਾਡੇ ਅਧਿਕਾਰਾਂ (ਸੇਵਾ ਬਾਰੇ ਸ਼ਿਕਾਇਤ ਕਰਨ ਦੇ ਤੁਹਾਡੇ ਅਧਿਕਾਰ ਸਮੇਤ), ਆਪਣੀਆਂ ਯੋਗਤਾਵਾਂ, ਅਤੇ ਵਸੂਲੀ ਜਾਣ ਵਾਲੀ ਫੀਸ ਬਾਰੇ ਦੱਸੇ। ਜੇਕਰ ਤੁਸੀਂ ਆਪਣੇ ਬੱਚਿਆਂ ਬਾਰੇ ਮਤਭੇਦ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ/ਰਹੀ ਹੋ, ਤਾਂ ਪੇਸ਼ੇਵਰ ਨੂੰ ਤੁਹਾਨੂੰ ਪਰਵਰਿਸ਼ ਯੋਜਨਾਵਾਂ ਅਤੇ ਦੂਜਿਆਂ ਸੇਵਾਵਾਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ ਤਾਂਜੋ ਤੁਹਾਡੀ ਮਦਦ ਕੀਤੀ ਜਾ ਸਕੇ।

## FDR ਕੌਣ ਪ੍ਰਾਪਤ ਕਰ ਸਕਦਾ ਹੈ?

ਜਿਨ੍ਹਾਂ ਲੋਕਾਂ ਵਿੱਚ ਮਤਭੇਦ ਹੋਣ ਉਨ੍ਹਾਂ ਨੂੰ FDR ਪ੍ਰਕ੍ਰਿਆ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਜੇਕਰ ਅਜਿਹਾ ਕਰਨਾ ਉਚਿਤ ਹੋਵੇ, ਤਾਂ ਤੁਸੀਂ ਪਰਿਵਾਰ ਦੇ ਸਦੱਸਾਂ ਅਤੇ ਆਪਣੇ ਵਕੀਲ ਸਮੇਤ ਕਿਸੇ ਸਹਾਇਕ ਵਿਅਕਤੀ ਨੂੰ ਆਪਣੇ ਨਾਲ ਲਿਆ ਸਕਦੇ/ਸਕਦੀ ਹੋ। ਪਰ, FDR ਸੇਵਾਵਾਂ ਤੇ ਵਕੀਲਾਂ ਨੂੰ ਆਉਣ ਦੀ ਮਨਜ਼ੂਰੀ ਦੇਣਾ ਜਾਂ ਨਾ ਦੇਣਾ ਸੇਵਾ ਪ੍ਰਦਾਤਾ ਦੀ ਮਰਜ਼ੀ ਹੈ। ਜੇਕਰ ਤੁਸੀਂ ਆਪਣੇ ਵਕੀਲ ਨੂੰ ਆਪਣੇ ਨਾਲ ਲਿਆਣ ਦੀ ਯੋਜਨਾ ਬਣਾ ਰਹੇ/ਰਹੀ ਹੋ, ਤਾਂ ਤੁਹਾਨੂੰ ਇਸ ਬਾਰੇ ਜਿਨ੍ਹੀ ਛੇਤੀ ਸੰਭਵ ਹੋ ਸਕੇ ਆਪਣੇ FDR ਸੇਵਾ ਪ੍ਰਦਾਤਾ ਨਾਲ ਗੱਲਬਾਤ ਕਰਨੀ ਚਾਹੀਦੀ ਹੈ।

## ਕੀ ਮੇਰੇ ਬੱਚੇ/ਮੇਰੀ ਬੱਚੀ ਨੂੰ FDR ਵਿੱਚ ਸ਼ਾਮਲ ਕੀਤਾ ਜਾਵੇਗਾ?

ਨਹੀਂ, ਪਰ ਤੁਹਾਡੀਆਂ ਪਰਿਸਥਿਤੀਆਂ ਅਤੇ ਤੁਹਾਡੇ ਬੱਚੇ/ਤੁਹਾਡੀ ਬੱਚੀ ਦੀ ਉਮਰ ਅਤੇ ਸਿਆਣਪੁਣੇ ਵਰਗੇ ਵੱਖ-ਵੱਖ ਕਾਰਕਾਂ ਤੇ ਨਿਰਭਰ ਕਰਦੇ ਹੋਏ, ਪਰਿਵਾਰਕ ਸਲਾਹਕਾਰ ਜਾਂ ਬਾਲ ਮਨੋਵਿਗਿਆਨੀ ਤੁਹਾਡੇ ਬੱਚੇ/ਤੁਹਾਡੀ ਬੱਚੀ ਨਾਲ ਗੱਲਬਾਤ ਕਰ ਸਕਦਾ ਹੈ। ਅਜਿਹਾ ਕੇਵਲ ਮਾਪਿਆਂ ਦੀ ਮਨਜ਼ੂਰੀ ਨਾਲ ਹੋਵੇਗਾ।

## FDR ਦੌਰਾਨ ਕੀ ਹੁੰਦਾ ਹੈ?

FDR ਦੇ ਸ਼ੁਰੂ ਹੋਣ ਤੋਂ ਪਹਿਲਾਂ, ਇਹ ਵੇਖਣ ਲਈ ਮੁਲਾਂਕਣ ਕੀਤਾ ਜਾਵੇਗਾ ਕਿ ਕੀ FDR ਤੁਹਾਡੀ ਪਰਿਸਥਿਤੀ ਲਈ ਉਚਿਤ ਹੈ ਜਾਂ ਨਹੀਂ। FDR ਪੇਸ਼ੇਵਰ ਨਿਰਪੱਖ ਹੁੰਦੇ ਹਨ ਅਤੇ ਉਹ ਕਿਸੇ ਦਾ ਪੱਖ ਨਹੀਂ ਲੈਂਦੇ ਹਨ। ਉਹ ਤੁਹਾਨੂੰ ਯਥਾਰਥਕ ਅਤੇ ਸਕਾਰਾਤਮਕ ਤਰੀਕੇ ਨਾਲ ਪਰਿਵਾਰਕ ਮੁੱਦਿਆਂ ਦਾ ਪਤਾ ਲਗਾਉਣ ਵਿੱਚ ਮਦਦ ਕਰਦੇ ਹਨ। ਸਲਾਹ-ਮਸ਼ਵਰੇ ਤੋਂ ਵੱਖ, FDR ਸੰਬੰਧਾਂ ਦੇ ਭਾਵਨਾਤਮਕ ਪਹਿਲੂਆਂ ਵਲ ਧਿਆਨ ਨਹੀਂ ਦਿੰਦਾ ਹੈ। ਇਹ ਵਿਸ਼ੇਸ਼ ਝਗੜਿਆਂ ਦਾ ਹੱਲ ਕਰਨ ਵਲ ਧਿਆਨ ਕੇਂਦਰਿਤ ਕਰਦਾ ਹੈ।

ਤੁਹਾਨੂੰ FDR ਪੇਸ਼ੇਵਰ ਦੀ ਮਦਦ ਨਾਲ ਝਗੜੇ ਦਾ ਹੱਲ ਕਰਨ ਲਈ ਵਾਸਤਵਿਕ ਜਤਨ ਕਰਨ ਲਈ ਪ੍ਰੋਤਸਾਹਿਤ ਕੀਤਾ ਜਾਂਦਾ ਹੈ।

FDR ਸਮੱਸਿਆਵਾਂ ਬਾਰੇ ਗੱਲਬਾਰ ਕਰਨ ਵਿੱਚ, ਵਿਕਲਪਾਂ ਤੇ ਨਜ਼ਰ ਪਾਉਣ ਅਤੇ ਇਹ ਪਤਾ ਲਗਾਉਣ ਵਿੱਚ ਤੁਹਾਡੇ ਦੋਵਾਂ ਦੀ ਮਦਦ ਕਰ ਸਕਦੀ ਹੈ ਕਿ ਸਮਝੌਤੇ 'ਤੇ ਸਭ ਤੋਂ ਚੰਗੀ ਤਰ੍ਹਾਂ ਕਿਵੇਂ ਪੁੱਜਿਆ ਜਾਵੇ। ਮਹੱਤਵਪੂਰਣ ਤੌਰ 'ਤੇ, ਤੁਸੀਂ ਪਰਵਰਿਸ਼ ਯੋਜਨਾ ਨੂੰ ਤਿਆਰ ਕਰਨ ਲਈ FDR ਦੀ ਵਰਤੋਂ ਕਰ ਸਕਦੇ/ਸਕਦੀ ਹੋ ਤਾਂਜੋ ਤੁਹਾਡੇ ਬੱਚਿਆਂ ਲਈ ਪ੍ਰਬੰਧ ਨਿਰਧਾਰਤ ਕੀਤੇ ਜਾ ਸਕਣ। FDR ਪੇਸ਼ੇਵਰ ਇਹ ਵੀ ਜਾਂਚ ਕਰੇਗਾ ਕਿ ਹਰ ਕੋਈ ਇਹ ਸਮਝਦਾ ਹੈ ਕਿ ਕੀ ਕਿਹਾ ਗਿਆ ਹੈ ਅਤੇ ਕਿਸ ਗੱਲ ਦੀ ਸਹਿਮਤੀ ਹੋਈ ਹੈ।

ਜੇਕਰ FDR ਅਸਰਦਾਰ ਨਾ ਹੋਵੇ, ਤਾਂ FDR ਪੇਸ਼ੇਵਰ ਹੋਰ ਵਿਕਲਪ ਸੁਝਾ ਸਕਦਾ ਹੈ, ਜਿਵੇਂ ਕਿ ਪਰਿਵਾਰਕ ਸਲਾਹ-ਮਸ਼ਵਰਾ।

## ਜੇਕਰ ਤੁਸੀਂ ਅਸੁਰੱਖਿਅਤ ਮਹਿਸੂਸ ਕਰਦੇ/ਕਰਦੀ ਹੋ ਤਾਂ ਕੀ ਹੁੰਦਾ ਹੈ?

ਇਹ ਮਹੱਤਵਪੂਰਣ ਹੈ ਕਿ ਤੁਸੀਂ ਸੁਰੱਖਿਅਤ ਮਹਿਸੂਸ ਕਰੋ, ਅਤੇ ਤੁਸੀਂ FDR ਤੋਂ ਪਹਿਲਾਂ, ਇਸਦੇ ਦੌਰਾਨ ਅਤੇ ਬਾਅਦ ਸੁਰੱਖਿਅਤ ਰਹਿੰਦੇ/ਰਹਿੰਦੀ ਹੋ।

ਜੇਕਰ ਤੁਹਾਨੂੰ ਆਪਣੀ ਜਾਂ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਹਨ, ਤਾਂ ਤੁਹਾਨੂੰ ਜਿਨ੍ਹੀ ਛੇਤੀ ਸੰਭਵ ਹੋ ਸਕੇ FDR ਦੇ ਕਰਮਚਾਰੀਆਂ ਨੂੰ ਦੱਸਣਾ ਚਾਹੀਦਾ ਹੈ। ਇਸਦਾ ਇਹ ਮਤਲਬ ਹੋ ਸਕਦਾ ਹੈ ਕਿ FDR ਪ੍ਰਕ੍ਰਿਆ ਬੰਦ ਕਰ ਦਵੇ ਜਾਂ ਇਸਨੂੰ ਅੱਗੇ ਨਾ ਵਧਾਏ ਪਰ, ਜੇਕਰ ਪੱਖ ਸਹਿਮਤ ਹੋਣ, ਤਾਂ ਉਹ ਇਕੋ ਕਮਰੇ ਵਿੱਚ ਮੌਜੂਦ ਹੋਏ ਬਿਨਾਂ FDR ਵਿੱਚ ਭਾਗ ਲੈ ਸਕਦੇ ਹਨ।

ਜੇਕਰ ਪਾਰਿਵਾਰਕ ਹਿੰਸਾ ਜਾਂ ਬਾਲ ਦੁਰਾਚਾਰ ਦੀ ਘਟਨਾ ਵਾਪਰੀ ਹੋਵੇ ਤਾਂ FDR ਕਰਨ ਦੀ ਕੋਈ ਲੋੜ ਨਹੀਂ ਹੈ।

## ਇਸ ਵਿੱਚ ਕਿਨ੍ਹਾ ਖਰਚਾ ਆਏਗਾ?

ਅਦਾਲਤ ਜਾਣ ਜਾਂ ਕਨੂੰਨੀ ਫੀਸਾਂ ਦੇਣ ਦੀ ਬਜਾਏ FDR ਤਿਖੇਰਾ ਅਤੇ ਸਸਤਾ ਹੋ ਸਕਦਾ ਹੈ। FDR ਸੇਵਾਵਾਂ ਤੁਹਾਡੀਆਂ ਪਰਿਸਥਿਤੀਆਂ ਦੇ ਮੁਤਾਬਕ ਫੀਸ ਵਸੂਲ ਸਕਦੀਆਂ ਹਨ। ਜੇਕਰ ਤੁਹਾਡੀ ਆਮਦਨੀ ਘੱਟ ਹੋਵੇ ਜਾਂ ਤੁਸੀਂ ਵਿੱਤੀ ਮੁਸ਼ਕਲਾਂ ਦਾ ਸਾਮ੍ਹਣਾ ਕਰ ਰਹੇ ਹੋਵੇ ਤਾਂ ਤੁਹਾਨੂੰ FDR ਸੇਵਾ ਨੂੰ ਇਸ ਬਾਰੇ ਦੱਸਣਾ ਚਾਹੀਦਾ ਹੈ।

## ਕੀ FDR ਤੇ ਕਹਿਆਂ ਗਈਆਂ ਗੱਲਾਂ ਗੁਪਤ ਰੱਖੀਆਂ ਜਾਣਗੀਆਂ ਅਤੇ ਕੀ ਇਨ੍ਹਾਂ ਦੀ ਵਰਤੋਂ ਅਦਾਲਤ ਵਿੱਚ ਕੀਤੀ ਜਾ ਸਕਦੀ ਹੈ?

ਤੁਸੀਂ ਜੋ ਵੀ FDR ਪੇਸ਼ੇਵਰ ਦੇ ਮੋਹਰੇ ਕਹਿੰਦੇ ਹੋ ਉਹ ਗੁਪਤ ਰੱਖਿਆ ਜਾਂਦਾ ਹੈ – ਕੁਝ ਪਰਿਸਥਿਤੀਆਂ ਦੇ ਇਲਾਵਾ, ਜਿਵੇਂ ਕਿ ਕਿਸੇ ਦੀ ਜ਼ਿੰਦਗੀ ਜਾਂ ਸਿਹਤ ਤੇ ਗੰਭੀਰ ਖਤਰੇ ਨੂੰ ਰੋਕਣ ਜਾਂ ਅਪਰਾਧ ਦੇ ਵਾਪਰਣ ਨੂੰ ਰੋਕਣ ਲਈ।

FDR ਦੌਰਾਨ ਕਹਿਆਂ ਜਾਣ ਵਾਲੀਆਂ ਗੱਲਾਂ ਦਾ ਪ੍ਰਯੋਗ ਅਦਾਲਤ ਵਿੱਚ ਸਬੂਤ ਦੇ ਤੌਰ 'ਤੇ ਨਹੀਂ ਕੀਤਾ ਜਾ ਸਕਦਾ ਹੈ। ਪਰ, ਤੁਹਾਡੇ FDR ਪੇਸ਼ੇਵਰ ਲਈ ਇਹ ਲਾਜ਼ਮੀ ਹੈ ਕਿ ਉਹ ਬਾਲ ਦੁਰਾਚਾਰ ਦੀ ਕਿਸੇ ਘਟਨਾ ਬਾਰੇ, ਜਾਂ ਕੁਝ ਅਜਿਹਾ ਕਹਿ ਜਾਣ ਬਾਰੇ ਦੱਸੇ ਜੋ ਕਿਸੇ ਬੱਚੇ/ਬੱਚੀ ਨੂੰ ਦੁਰਾਚਾਰ ਦੇ ਖਤਰੇ 'ਚ ਦਰਸਾਉਂਦਾ ਹੋਵੇ, ਅਤੇ ਇਸਦਾ ਪ੍ਰਯੋਗ ਕੁਝ ਪਰਿਸਥਿਤੀਆਂ ਵਿੱਚ ਸਬੂਤ ਦੇ ਤੌਰ 'ਤੇ ਕੀਤਾ ਜਾ ਸਕਦਾ ਹੈ।

## FDR ਦੌਰਾਨ ਹੋਏ ਕਿਸੇ ਸਮਝੌਤੇ ਦਾ ਕੀ ਹੁੰਦਾ ਹੈ?

ਜੇਕਰ ਤੁਸੀਂ ਆਪਣੇ ਬੱਚਿਆਂ ਲਈ ਪ੍ਰਬੰਧਾਂ ਬਾਰੇ ਕਿਸੇ ਸਮਝੌਤੇ ਤੇ ਪੁੱਜਦੇ ਹੋ, ਤਾਂ ਇਸਨੂੰ ਪਰਵਰਿਸ਼ ਯੋਜਨਾ ਦੇ ਤੌਰ 'ਤੇ ਰਿਕਾਰਡ ਕੀਤਾ ਜਾ ਸਕਦਾ ਹੈ। ਇਹ ਜ਼ਰੂਰੀ ਹੈ ਕਿ ਪਰਵਰਿਸ਼ ਯੋਜਨਾ ਲਿਖਤੀ ਹੋਵੇ ਅਤੇ ਇਸਤੇ ਮਾਤਾ-ਪਿਤਾ ਦੋਵਾਂ ਦੇ ਹਸਤਾਖਰ ਹੋਣ ਅਤੇ ਹਸਤਾਖਰ ਕਰਨ ਦੀ ਤਾਰੀਖ ਲਿਖੀ ਗਈ ਹੋਵੇ। ਤੁਹਾਡੇ ਸਮਝੌਤੇ ਜਾਂ ਪਰਵਰਿਸ਼ ਯੋਜਨਾ ਵਿੱਚ ਪ੍ਰਬੰਧਾਂ ਨੂੰ ਬਦਲਣ ਅਤੇ ਮਤਭੇਦਾਂ ਨੂੰ ਹੱਲ ਕਰਨ ਲਈ

ਵਿਧੀਆਂ ਸ਼ਾਮਲ ਹੋ ਸਕਦੀਆਂ ਹਨ। ਪਰਵਰਿਸ਼ ਯੋਜਨਾਵਾਂ ਉੱਤੇ ਸਮੇਂ ਦੇ ਨਾਲ-ਨਾਲ ਮੋਲ-ਤੋਲ ਕੀਤਾ ਜਾ ਸਕਦਾ ਹੈ, ਜੇਕਰ ਅਜਿਹਾ ਕਰਨਾ ਲੋੜੀਂਦਾ ਹੋਵੇ ਤਾਂ।

ਇਹ ਧਿਆਨ ਵਿੱਚ ਰੱਖੋ ਕਿ ਤੁਹਾਡੇ ਬੱਚਿਆਂ ਲਈ ਦੇਖਭਾਲ ਪ੍ਰਬੰਧਾਂ ਵਿੱਚ ਕਿਸੇ ਤਬਦੀਲੀਆਂ ਦਾ ਚਾਇਲਡ ਸਪੋਟ, ਇਨਕਮ ਸਪੋਟ, ਅਤੇ ਫੈਮਿਲੀ ਅਸਿਸਟੇਂਸ ਭੁਗਤਾਨਾਂ ਤੇ ਅਸਰ ਪੈ ਸਕਦਾ ਹੈ। ਤੁਹਾਡੀ ਪਰਵਰਿਸ਼ ਯੋਜਨਾ ਵਿੱਚ ਚਾਇਲਡ ਸਪੋਟ ਨੂੰ ਸ਼ਾਮਲ ਕੀਤੇ ਜਾਣ ਲਈ ਵਿਸ਼ੇਸ਼ ਨਿਯਮ ਲਾਗੂ ਹੁੰਦੇ ਹਨ। ਉਦਾਹਰਨ ਦੇ ਤੌਰ ‘ਤੇ, ਜੇਕਰ ਤੁਹਾਡੀ ਪਰਵਰਿਸ਼ ਯੋਜਨਾ ਚਾਇਲਡ ਸਪੋਟ (ਬਾਲ ਸਹਾਇਤਾ) ਲਈ ਰਾਸ਼ੀ ਨਿਰਧਾਰਤ ਕਰਦੀ ਹੈ, ਤਾਂ ਚਾਇਲਡ ਸਪੋਟ ਇਸਨੂੰ ਲਾਗੂ ਨਹੀਂ ਕਰ ਸਕਦੀ ਹੈ ਬਸ਼ਰਤੇ ਕਿ ਇਹ ਇੱਕ ਵਾਜਬ ਚਾਇਲਡ ਸਪੋਟ ਸਮਝੌਤਾ ਹੋਵੇ, ਅਤੇ ਤੁਸੀਂ ਜਾਂ ਦੂਜੇ ਮਾਤਾ ਜਾਂ ਪਿਤਾ ਚਾਇਲਡ ਸਪੋਟ ਨੂੰ ਇਸਨੂੰ ਸਵੀਕਾਰ ਕਰਣ ਲਈ ਕਹਿਣ।

ਜੇਕਰ ਤੁਸੀਂ ਆਪਣੀ ਪ੍ਰਾਪਰਟੀ/ਵਿੱਤੀ ਪ੍ਰਬੰਧਾਂ ਬਾਰੇ ਆਪਣੇ ਅੰਤਮ ਪਰਵਰਿਸ਼ ਯੋਜਨਾ ਸਮਝੌਤੇ ਨੂੰ ਕਨੂੰਨੀ ਰੂਪ ਦੇਣਾ ਚਾਹੁੰਦੇ/ਚਾਹੁੰਦੀ ਹੋ, ਤਾਂ ਤੁਸੀਂ ਅਦਾਲਤ ਅਰਜ਼ੀ ਪਾ ਸਕਦੇ/ਸਕਦੀ ਹੋ ਕਿ ਤੁਹਾਡੇ ਸਮਝੌਤੇ ਨੂੰ ਸਹਿਮਤੀ ਆਦੇਸ਼ (ਕੰਸੈਨਟ ਆਰਡਰ) ਬਣਾਇਆ ਜਾਵੇ। ਤੁਸੀਂ ਆਪਣੇ ਆਪ ਇਹ ਕਰ ਸਕਦੇ/ਸਕਦੀ ਹੋ ਜਾਂ ਆਪਣੇ ਵਕੀਲ ਨੂੰ ਆਪਣੇ ਲਈ ਅਜਿਹਾ ਕਰਨ ਲਈ ਕਹਿ ਸਕਦੇ/ਸਕਦੀ ਹੋ।

## ਜੇਕਰ FDR ਅਸਰਦਾਰ ਨਹੀਂ ਹੁੰਦੀ ਹੈ ਤਾਂ ਕੀ ਹੁੰਦਾ ਹੈ?

ਜੇਕਰ ਤੁਸੀਂ ਕਿਸੇ ਸਮਝੌਤੇ ‘ਤੇ ਨਹੀਂ ਪੁੱਜਦੇ/ਪੁੱਜਦੀ ਹੋ, ਤਾਂ FDR ਮਦਦ ਕਰ ਸਕਦਾ ਹੈ, ਉਦਾਹਰਨ ਦੇ ਤੌਰ ‘ਤੇ, ਤੁਸੀਂ ਅਤੇ ਤੁਹਾਡਾ ਪੁਰਾਣਾ ਪਤੀ/ਪਤਨੀ ਜਾਂ ਪਾਰਟਨਰ ਬਿਹਤਰ ਤਰੀਕੇ ਨਾਲ ਗੱਲਬਾਤ ਕਰ ਸਕਦੇ ਹਨ। ਜੇਕਰ ਤੁਸੀਂ FDR ਦਾ ਜਤਨ ਕੀਤਾ ਹੈ ਪਰ ਫਿਰ ਵੀ ਤੁਹਾਨੂੰ ਪਰਵਰਿਸ਼ ਆਦੇਸ਼ (ਪੇਰੰਟਿੰਗ ਆਰਡਰ) ਲਈ ਅਦਾਲਤ ਜਾਣ ਦੀ ਲੋੜ ਪੈਂਦੀ ਹੈ, ਤਾਂ ਤੁਹਾਨੂੰ ਕਿਸੇ ਮਾਨਤਾ-ਪ੍ਰਾਪਤ FDR ਪੇਸ਼ੇਵਰ ਤੋਂ ਇੱਕ ਸਰਟੀਫਿਕੇਟ ਦੀ ਲੋੜ ਪਵੇਗੀ।

ਸਟਰੀਫਿਕੇਟ ਵਿੱਚ ਹੇਠਾਂ ਦਿੱਤੀਆਂ ਗੱਲਾਂ ਵਿਚੋਂ ਇੱਕ ਗੱਲ ਲਿਖੀ ਜਾਵੇਗੀ:

- ਤੁਸੀਂ ਅਤੇ ਦੂਜੇ ਪੱਖ ਨੇ ਭਾਗ ਲਿਆ ਅਤੇ ਝਗੜੇ ਨੂੰ ਨਜਿੱਠਣ ਦੀ ਵਾਸਤਵਿਕ ਕੋਸ਼ਿਸ਼ ਕੀਤੀ
- ਤੁਸੀਂ ਅਤੇ ਦੂਜੇ ਪੱਖ ਨੇ ਭਾਗ ਲਿਆ ਪਰ ਤੁਹਾਡੇ ਵਿਚੋਂ ਕਿਸੇ ਇੱਕ ਜਾਂ ਤੁਸੀਂ ਦੋਵਾਂ ਨੇ ਵਾਸਤਵਿਕ ਕੋਸ਼ਿਸ਼ ਨਹੀਂ ਕੀਤੀ
- ਦੂਜੇ ਪੱਖ ਨੇ ਭਾਗ ਨਹੀਂ ਲਿਆ
- FDR ਪੇਸ਼ੇਵਰ ਨੇ ਇਹ ਫੈਸਲਾ ਲਿਆ ਕਿ ਤੁਹਾਡਾ ਮਾਮਲਾ FDR ਲਈ ਉਚਿਤ ਨਹੀਂ ਹੈ, ਜਾਂ
- FDR ਪੇਸ਼ੇਵਰ ਨੇ FDR ਪ੍ਰਕ੍ਰਿਆ ਦੇ ਮੱਧ ਵਿੱਚ ਇਹ ਫੈਸਲਾ ਲਿਆ ਕਿ ਇਸਨੂੰ ਜਾਰੀ ਰੱਖਣਾ ਉਚਿਤ ਨਹੀਂ ਸੀ

ਤੁਹਾਨੂੰ ਇਹ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਜੇਕਰ ਤੁਸੀਂ FDR ਵਿੱਚ ਭਾਗ ਨਹੀਂ ਲੈਂਦੇ/ਲੈਂਦੀ ਹੋ ਜਾਂ ਭਾਗ ਲੈਣ ਲਈ ਵਾਸਤਵਿਕ ਜਤਨ ਨਹੀਂ ਕਰਦੇ/ਕਰਦੀ ਹੋ, ਤਾਂ ਇਸਦਾ ਅਦਾਲਤ ਵਿੱਚ ਤੁਹਾਡੀ ਸੁਣਵਾਈ ਦੇ ਲੱਗਣ ਵਾਲੇ ਸਮੇਂ ਤੇ ਅਸਰ ਪੈ ਸਕਦਾ ਹੈ। ਹੋ ਸਕਦਾ ਹੈ ਕਿ ਅਦਾਲਤ ਤੁਹਾਨੂੰ ਦੂਜੇ ਪੱਖ ਦੇ ਕਨੂੰਨੀ ਖਰਚਿਆਂ ਦਾ ਭੁਗਤਾਨ ਕਰਨ ਦਾ ਆਦੇਸ਼ ਦਵੇ।

## ਮੈਂ ਕਿਸੇ ਮਾਨਤਾ-ਪ੍ਰਾਪਤ FDR ਪੇਸ਼ੇਵਾਰ ਨਾਲ ਕਿਵੇਂ ਸੰਪਰਕ ਕਰਾਂ?

ਵਧੇਰੀ ਜਾਣਕਾਰੀ ਲਈ ਫੈਮਿਲੀ ਰਿਲੇਸ਼ਨਸ਼ਿਪ ਐਡਵਾਈਸ ਲਾਈਨ ਨੂੰ **ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 8 ਵਜੇ ਤੋਂ ਲੈ ਕੇ ਰਾਤੀ 8 ਵਜੇ ਤਕ** ਅਤੇ **ਸ਼ਨੀਵਾਰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮੀ 4 ਵਜੇ ਤਕ** (ਰਾਸ਼ਟਰੀ ਸਰਕਾਰੀ ਛੁੱਟੀ ਵਾਲੇ ਦਿਨਾਂ ਤੋਂ ਇਲਾਵਾ) **1800 050 321** ਤੇ ਫੋਨ ਕਰੋ।

ਤੁਸੀਂ ਫੈਮਿਲੀ ਰਿਲੇਸ਼ਨਸ਼ਿਪਸ ਦੀ ਵੈੱਬ-ਸਾਈਟ www.familyrelationships.gov.au ਆਨਲਾਈਨ ਵੇਖ ਸਕਦੇ/ਸਕਦੀ ਹੋ।

ਚਾਇਲਡ ਸਪੋਟ ਬਾਰੇ ਵਧੇਰੀ ਜਾਣਕਾਰੀ ਲਈ www.humanservices.gov.au ਵੇਖੋ